Serial No. 218 | D-DTN-K-QVB

# PUNJABI

CS (MAIN) EXAM, 2010

## Paper—II

## (Literature)

*Time Allowed : Three Hours* | *Maximum Marks : 300*

## INSTRUCTIONS

*Candidates should attempt questions 1 and 5 which are compulsory, and any **THREE** of the remaining questions, selecting at least **ONE** question from each Section.*

*The number of marks carried by each question is indicated at the end of the question.*

*Answer must be written in **Punjabi**.*

*(Gurumukhi Script)*

## SECTION—A

1. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ-ਸਹਿਤ ਆਲੋਚਨਾਤਮਕ ਵਿਆਖਿਆ ਕਰੋ :— 20×3=60

(ੳ) ਆਪੇ ਭਾਂਡੇ ਸਾਜਿਆਨੁ
ਆਪੇ ਪੂਰਣੁ ਦੇਇ ॥
ਇਕਨੀ ਦੁਧ ਸਮਾਈਐ
ਇਕਿ ਚੁਲੈ ਰਹਨਿ ਚੜੇ ॥
ਇਕਿ ਨਿਹਾਲੀ ਪੈ ਸਵਨਿ
ਇਕ ਉਪਰਿ ਰਹਨਿ ਖੜੇ ॥
ਤਿਨਾ ਸਵਾਰੇ ਨਾਨਕਾ
ਜਿਨ ਕਉ ਨਦਰਿ ਕਰੇ ॥

(ਅ) ਫਰੀਦਾ ਵੇਖਿ ਕਪਾਹੈ ਜਿ ਥੀਆ
ਜਿ ਸਿਰਿ ਥੀਆ ਤਿਲਾਹਿ ॥
ਕਮਾਦੈ ਅਰੁ ਕਾਗਦੈ
ਕੁੰਨੇ ਕੋਇਲਿਆਹੁ ॥
ਮੰਦੇ ਅਮਲ ਕਰੇਦਿਆਂ
ਇਹ ਸਜਾਇ ਤਿਨਾਹਿ ॥

(ੲ) ਲੈ ਵੇ ਰਾਂਝਿਆ ਵਾਹ ਮੈਂ ਲਾ ਥੱਕੀ ਮੇਰੇ ਵੱਸ ਥੀਂ ਗਲ ਬੇਵੱਸ ਹੋਈ।
ਕਾਜ਼ੀ ਮਾਪਿਆਂ ਭਾਈਆਂ ਬੰਨ੍ਹ ਤੋਰੀ, ਸਾਡੀ ਤੈਂਡੜੀ ਦੋਸਤੀ ਬਸ ਹੋਈ।
ਜਾ ਜੀਵਾਂਗੀ ਮਿਲਾਂਗੀ ਰੱਬ ਮੇਲੇ ਹਰ ਸਾਲ ਤਾਂ ਦੋਸਤੀ ਬਸ ਹੋਈ।
ਲੱਗਾ ਤੀਰ ਜੁਦਾਈ ਦਾ ਮੀਆਂ ਵਾਰਿਸ, ਸਾਡੇ ਵਿਚ ਕਲੇਜੜੇ ਧੱਸ ਹੋਈ।

(ਸ) ਰਾਂਝਾ ਰਾਂਝਾ ਕਰਦੀ ਨੀ ਮੈਂ, ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਵਿਚ ਮੈਂ ਵਿਚ ਰਾਂਝੇ ਦੇ, ਹੋਰ ਖਿਆਲ ਨਾ ਕੋਈ।
ਮੈਂ ਨਹੀਂ ਉਹ ਆਪ ਹੀ ਆਪਣੀ, ਆਪ ਕਰੇ ਦਿਲਜੋਈ।
ਹੱਥ ਖੂੰਡੀ ਅੱਗੇ ਮੰਗੂ, ਮੋਢੇ ਭੂਰੀ ਲੋਈ।
ਬੁੱਲ੍ਹੇ ਸ਼ਾਹ ਹੀਰ ਸਲੇਟੀ ਵੇਖੋ, ਕਿਥੇ ਜਾ ਖਲੋਈ।

2. "ਕੁਦਰਤ ਦੀ ਰੰਗੀਨੀ, ਹਉਮੈ ਦੇ ਸੂਖਮ ਤੇ ਸਥੂਲ ਰੂਪ, ਧਰਮ ਦੀਆਂ ਮੁਰਦਾ ਤੇ ਅਬੌਧਿਕ ਰਸਮਾਂ, ਧਾਰਮਿਕ ਫੋਕਟ ਕਰਮ-ਕਾਂਡ, ਰਾਜਸੀ ਧੱਕਾ ਤੇ ਅਨਿਆ, ਜ਼ਾਤਪਾਤ ਦੇ ਵਿਤਕਰੇ, ਇਸਤ੍ਰੀ ਦੀ ਬੇਪਤੀ ਦੇ ਵਿਰੁਧ ਰੋਸ, ਅਮੀਰੀ ਦਾ ਸਰੂਰ, ਮਹਿਨੂਮਾਂ ਦੀ ਬੁਜ਼ਦਿਲੀ, ਕਰਮ ਤੇ ਪ੍ਰਤਿਕਰਮ ਤੇ ਰੱਬੀ ਨਿਆਕਾਰੀ ਦੇ ਸਿਧਾਂਤ"—ਦੀ ਖੂਬਸੂਰਤੀ ਨਾਲ ਪੇਸ਼ਕਾਰੀ 'ਆਸਾ ਦੀ ਵਾਰ' ਵਿਚ ਹੈ। ਇਹਨਾਂ ਪੱਖਾਂ ਦੀ ਉਦਾਹਰਣਾਂ ਸਹਿਤ ਸਮੀਖਿਆ ਪੇਸ਼ ਕਰੋ। 60

3. ਬੁਲ੍ਹੇ ਸ਼ਾਹ ਦੇ ਸੂਫ਼ੀ ਰਹੱਸਵਾਦ ਦਾ ਸੁਵਿਸਤਾਰ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰੋ। 60

4. 'ਵਾਰਿਸ ਸ਼ਾਹ ਸੁਖ਼ਨ ਦਾ ਵਾਰਿਸ ਕਿਤੋਂ ਨਾ ਅਟਕਿਆ ਵਲਿਆ ਪਰ ਬਿਨ ਰਾਹੀ ਚੱਕੀ ਵਾਂਗੂੰ ਉਸ ਨਿੱਕਾ ਮੋਟਾ ਦਲਿਆ' ਇਸ ਟਿੱਪਣੀ ਨੂੰ ਮੁੱਖ ਰਖਕੇ, ਹੀਰ ਵਾਰਿਸ ਦੇ ਕਿੱਸੇ ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰੋ। 60

## SECTION—B

5. ਹੇਠ ਲਿਖੇ ਗਦ/ਪਦ ਕਾਵਿ ਟੋਟਿਆਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ-ਸਹਿਤ ਆਲੋਚਨਾਤਮਕ ਵਿਆਖਿਆ ਕਰੋ :— 20×3=60

(ੳ) ਕੁੱਕੜਾਂ ਵਾਂਗ ਲੀਡਰ ਲੜਦੇ।
ਬੇਬੁਨਿਆਦ ਬਹਾਨੇ ਘੜਦੇ।
ਖ਼ਤਰੇ ਵਿਚ ਹੈ ਪੱਗ ਲੋਕੋ।
ਮੇਰੇ ਆਸੇ ਪਾਸੇ ਅੱਗ ਲੋਕੋ।

(ਅ) ਇਕ ਰੋਜ਼ ਵਡਾਲੇ ਦੇ ਵਿਚ ਬੈਠੇ, ਚਲੀ ਆਣ ਅੰਗ੍ਰੇਜ਼ ਦੀ ਬਾਤ
ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ, ਜਿਹਨਾਂ ਨਾਲ ਸਾਡੀ
ਮੁਲਾਕਾਤ ਆਈ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉੱਤੇ
ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ
ਜ਼ਾਤ ਆਈ।

(ੲ) ਗੁੱਝੀਆਂ ਤਾਕਤਾਂ ਲਈ ਸਮਾਧੀ,
ਮੰਤਰਾਂ ਦਾ ਪਾਠ
ਜਾਂ ਇਕਾਗਰਤਾ ਦੇ ਅਭਿਮਾਨ
ਵਿਚੋਂ ਵਿਸਮਾਦ ਆਦਿ
ਸਿਰਫ਼ ਮਜ਼ਬੀ ਜਾਦੂਗਰੀ ਹਨ,
ਮਜ਼ਬ ਨਹੀਂ।

(ਸ) ਬੈਦਾਕਾਫ਼ ਇਕ ਉੱਚ ਦਰਜੇ ਦਾ ਅਧਿਕਾਰੀ ਸੀ। ਉਹਦੇ ਕੋਲ ਆਪਣੀ ਮੋਟਰ ਸੀ, ਜੋ ਰੂਸ ਵਿਚ ਬੜੀ ਅਸਧਾਰਨ ਗਲ ਸਮਝੀ ਜਾਂਦੀ ਹੈ। ਇਸ ਰੁੱਤਬੇ ਵਾਲੇ ਆਦਮੀ ਕੋਲੋਂ ਸਾਡੇ ਮੁਲਕ ਵਿਚ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਦਰਸ਼ਕ ਦਾ ਡਿੱਗਿਆ ਦਸਤਾਨਾ ਢੂੰਢਣ ਲਈ ਸੜਕਾਂ ਤੇ ਦੌੜ ਪਏ। ਉਸ ਤੋਂ ਤਾਂ ਇਤਨੀ ਉਮੀਦ ਕਰਨਾ ਵੀ ਮੁਸ਼ਕਿਲ ਹੈ ਕਿ ਮਹਿਮਾਨ ਦੇ ਹੱਥੋਂ ਡਿੱਗੇ ਦਸਤਾਨੇ ਨੂੰ ਜਮੀਨ ਤੋਂ ਚੁੱਕ ਕੇ ਵੀ ਫੜ੍ਹਾ ਦੇਵੇ। ਉਹ ਤਾਂ ਝੱਟ ਕਿਸੇ ਚਪੜਾਸੀ ਨੂੰ ਵਾਜਾਂ ਮਾਰਨ ਲਗ ਪਏਗਾ।

6. ਧਨੀ ਰਾਮ ਚਾਤ੍ਰਿਕ-ਕਾਵਿ ਪੰਜਾਬੀ ਜੀਵਨ ਤੇ ਸੱਭਿਆਚਾਰ ਦਾ ਚਿਤ੍ਰਣ ਕਰਨ ਵਾਲਾ ਸਰਬੋਤਮ ਕਾਵਿ ਹੈ। ਉਸਦੇ ਕਾਵਿ ਵਿਚੋਂ ਉਹਨਾਂ ਪਛਾਣ-ਚਿੰਨ੍ਹਾਂ ਦੀ ਆਲੋਚਨਾਤਮਕ ਵਿਆਖਿਆ ਕਰੋ, ਜੋ ਇਸ ਚਿਤ੍ਰਣ ਨੂੰ ਪੇਸ਼ ਕਰਦੇ ਹਨ। 60

7. 'ਨਾਨਕ ਸਿੰਘ ਪੰਜਾਬੀ ਦਾ ਉਹ ਨਾਵਲਕਾਰ ਹੈ ਜਿਸਦੇ ਨਾਵਲ, ਨਾਵਲ ਰੂਪ ਦੇ ਪੱਖ ਤੋਂ ਸਰਲ ਗੋਂਦ ਪ੍ਰਧਾਨ ਹੁੰਦੇ ਹਨ। ਇਸੇ ਲਈ ਉਸਦੀ ਕਥਾ ਹਰ ਪੜਾਉ ਉੱਤੇ ਤਣਾਉ ਤੇ ਪ੍ਰਤੀਖਿਆ ਨਾਲ ਕਸੀ ਹੁੰਦੀ ਹੈ।' 'ਚਿੱਟਾ ਲਹੂ' ਤੇ 'ਪਵਿੱਤਰ ਪਾਪੀ' ਨਾਵਲਾਂ ਦੇ ਅਧਾਰ 'ਤੇ ਉਪ੍ਰੋਕਤ ਟਿੱਪਣੀ ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰੋ। 60

8. ਬਲਵੰਤ ਗਾਰਗੀ ਦੇ ਨਵੀਨ ਨਿਰਦੇਸ਼ਕੀ ਤਕਨੀਕਾਂ ਤੇ ਨਵੀਨ ਨਾਟ-ਸ਼ੈਲੀਆਂ ਰਾਹੀਂ ਪੰਜਾਬੀ ਨਾਟਕ ਨੂੰ ਪਰੰਪਰਕ ਲੀਹਾਂ ਤੋਂ ਅੱਗੇ ਤੋਰਿਆ। 'ਲੋਹਾ ਕੁੱਟ', 'ਧੂਣੀ ਦੀ ਅੱਗ' ਤੇ 'ਸੁਲਤਾਨ ਰਜ਼ੀਆ' ਦੇ ਆਧਾਰ 'ਤੇ ਉਸਦੀਆਂ ਇਹਨਾਂ ਪ੍ਰਾਪਤੀਆਂ ਦਾ ਆਲੋਚਨਾਤਮਕ ਲੇਖਾ-ਜੋਖਾ ਪ੍ਰਸਤੁੱਤ ਕਰੋ। 60



**